BRITISH COLUMBIA

# ਮਹੱਤਵਪੂਰਨ ਜਾਣਕਾਰੀ
# "*ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ* ਦੀ ਪਾਲਣਾ ਕਰਨ ਲਈ ਨੋਟਿਸ ਆਫ ਓਬਲੀਗੇਸ਼ਨ ਨੂੰ ਸਮਝਣਾ" (ਫਾਰਮ 53)

ਇਹ ਸ਼ੀਟ ਫਾਰਮ 53, ਦੀ ਨੋਟਿਸ ਆਫ ਓਬਲੀਗੇਸ਼ਨ ਟੂ ਕਮਪਲਾਈ ਵਿਦ ਦੀ *ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ* (ਨੋਟਿਸ) ਵਿਚ ਦਿੱਤੀ ਜਾਣਕਾਰੀ ਦਾ ਸੰਖੇਪ ਦੱਸਦੀ ਹੈ। ਇਹ ਦੱਸਦੀ ਹੈ:

- ਤੁਹਾਨੂੰ ਕਦੋਂ ਸੈਕਸ ਓਫੈਂਡਰ ਰਜਿਸਟਰੇਸ਼ਨ ਸੈਂਟਰ (ਰਜਿਸਟਰੇਸ਼ਨ ਸੈਂਟਰ) ਨੂੰ ਜ਼ਰੂਰ ਹੀ ਰਿਪੋਰਟ ਕਰਨ ਦੀ ਲੋੜ ਹੈ,
- ਕਿਹੜੀ ਜਾਣਕਾਰੀ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਦੇ ਸਟਾਫ ਨੂੰ ਦੇਣ ਦੀ ਜ਼ਰੂਰੀ ਲੋੜ ਹੈ ਅਤੇ ਇਹ ਕਿਸ ਤਰ੍ਹਾਂ ਵਰਤੀ ਜਾ ਸਕਦੀ ਹੈ,
- ਇਹ ਕਿਵੇਂ ਪਤਾ ਲਾਉਣਾ ਹੈ ਕਿ ਰਜਿਸਟਰੇਸ਼ਨ ਸੈਂਟਰ ਕਿੱਥੇ ਹਨ,
- ਜੇ ਤੁਸੀਂ ਸਮੇਂ ਸਿਰ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਨਹੀਂ ਕਰਦੇ, ਜਾਂ ਜੇ ਤੁਸੀਂ ਗਲਤ ਜਾਂ ਗੁਮਰਾਹ ਕਰਨ ਵਾਲੀ ਜਾਣਕਾਰੀ ਦਿੰਦੇ ਹੋ ਤਾਂ ਕਿਹੜੇ ਜੁਰਮਾਨੇ ਹੁੰਦੇ ਹਨ, ਅਤੇ
- ਜੇ ਤੁਸੀਂ ਇਹ ਯਕੀਨ ਕਰਦੇ ਹੋ ਕਿ ਤੁਹਾਡੇ ਨਾਂ ਹੇਠ ਦਰਜ ਕੀਤੀ ਗਈ ਜਾਣਕਾਰੀ ਸਹੀ ਨਹੀਂ ਹੈ, ਤਾਂ ਤੁਸੀਂ ਕੀ ਕਰ ਸਕਦੇ ਹੋ, ਜਾਂ
- ਜੇ ਤੁਸੀਂ ਕੋਰਟ ਜਾਣਾ ਚਾਹੁੰਦੇ ਹੋ ਅਤੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਛੋਟ ਦਿੱਤੇ ਜਾਣ ਦੀ ਮੰਗ ਕਰਨਾ ਚਾਹੁੰਦੇ ਹੋ ਤਾਂ ਕੀ ਕਰਨਾ ਹੈ।

ਜੇ ਤੁਹਾਨੂੰ ਜ਼ਿਆਦਾ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਸਲਾਹ ਕਰੋ, *ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ* ਅਤੇ ਕਰਿਮੀਨਲ ਕੋਡ ਦੇਖੋ, ਜਾਂ ਸੈਕਸ ਓਫੈਂਡਰ ਇਨਫਰਮੇਸ਼ਨ ਲਾਈਨ ਨੂੰ ਗਰੇਟਰ ਵੈਨਕੂਵਰ ਵਿਚ 604-543-4700 ਤੇ ਜਾਂ ਗਰੇਟਰ ਵੈਨਕੂਵਰ ਤੋਂ ਬਾਹਰੋਂ 1-866-648-5933 ਤੇ ਫੋਨ ਕਰੋ।

## ਤੁਹਾਨੂੰ ਕਦੋਂ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਜ਼ਰੂਰ ਕਰਨ ਦੀ ਲੋੜ ਹੈ

*ਪਹਿਲੀ ਵਾਰੀ ਰਿਪੋਰਟ ਕਰਨਾ*

ਜਦੋਂ ਤੁਹਾਨੂੰ ਆਪਣਾ ਫਾਰਮ 53 "ਨੋਟਿਸ" ਮਿਲਦਾ ਹੈ ਤਾਂ ਤੁਹਾਨੂੰ **ਨਿੱਜੀ ਤੌਰ** ਤੇ ਉਸ ਰਜਿਸਟਰੇਸ਼ਨ ਸੈਂਟਰ ਵਿਚ ਰਿਪੋਰਟ ਕਰਨੀ ਪਵੇਗੀ ਜਿਹੜਾ ਉਸ ਇਲਾਕੇ ਲਈ ਹੈ ਜਿੱਥੇ ਤਹਾਡੀ ਮੁੱਖ ਰਿਹਾਇਸ਼ ਹੈ। ਤੁਹਾਡੀ ਮੁੱਖ ਰਿਹਾਇਸ਼ ਉਹ ਥਾਂ ਹੈ ਜਿੱਥੇ ਤੁਸੀਂ ਜ਼ਿਆਦਾ ਸਮਾਂ ਰਹਿੰਦੇ ਹੋ।

ਜੇ ਤੁਸੀਂ ਨੋਟਿਸ ਮਿਲਣ ਵੇਲੇ ਇਕ ਸਾਲ ਤੋਂ **ਹਿਰਾਸਤ (ਕਸਟਡੀ) ਵਿਚ ਨਹੀਂ ਹੋ** ਤਾਂ ਤੁਹਾਨੂੰ ਉਸ ਤਰੀਕ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਰਿਪੋਰਟ ਕਰਨੀ ਪਵੇਗੀ।

ਜੇ ਤੁਸੀਂ ਨੋਟਿਸ ਮਿਲਣ ਵੇਲੇ ਇਕ ਸਾਲ ਤੋਂ **ਹਿਰਾਸਤ (ਕਸਟਡੀ) ਵਿਚ ਹੋ** ਤਾਂ ਤੁਹਾਨੂੰ ਹਿਰਾਸਤ ਤੋਂ ਰਿਹਾਅ ਹੋਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਜ਼ਰੂਰ ਕਰਨੀ ਪਵੇਗੀ।

ਜੇ ਤੁਹਾਨੂੰ ਨੋਟਿਸ ਮਿਲਿਆ ਹੈ ਅਤੇ ਫਿਰ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨ ਤੋਂ ਪਹਿਲਾਂ ਫਾਰਮ 52 ਆਰਡਰ ਮਿਲਦਾ ਹੈ ਤਾਂ ਤੁਹਾਨੂੰ ਆਪਣੇ ਆਰਡਰ ਦੀ ਮੰਗ ਮੁਤਾਬਕ ਰਿਪੋਰਟ ਕਰਨੀ ਚਾਹੀਦੀ ਹੈ।

ਜੇ ਤੁਸੀਂ ਛੋਟ ਲਈ ਅਰਜ਼ੀ ਦਿੱਤੀ ਹੈ ਅਤੇ ਤੁਹਾਡੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ ਤਾਂ ਤੁਹਾਨੂੰ ਨੋਟਿਸ ਦੀਆਂ ਸ਼ਰਤਾਂ ਮੁਤਾਬਕ ਰਿਪੋਰਟ ਕਰਨੀ ਪਵੇਗੀ। ਤੁਹਾਨੂੰ ਇਕ ਸਾਲ ਦੇ ਵਿਚ ਵਿਚ ਅਤੇ ਨੋਟਿਸ ਮਿਲਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ, ਜਾਂ ਛੋਟ ਲਈ ਅਰਜ਼ੀ ਰੱਦ ਹੋਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਰਿਪੋਰਟ ਕਰਨੀ ਪਵੇਗੀ, ਇਨ੍ਹਾਂ ਵਿਚੋਂ ਜੋ ਵੀ ਬਾਅਦ ਵਿਚ ਆਉਂਦਾ ਹੈ।

ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਪਹਿਲੀ ਵਾਰੀ ਰਿਪੋਰਟ ਕਰਨ ਤੋਂ ਪਹਿਲਾਂ ਤੁਹਾਨੂੰ ਕੈਨੇਡਾ ਛੱਡਣ ਦੀ ਆਗਿਆ ਨਹੀਂ ਹੈ।

ਜੇ ਤੁਹਾਡਾ ਪ੍ਰੋਬੇਸ਼ਨ ਅਫਸਰ ਮੰਗ ਕਰਦਾ ਹੈ ਕਿ ਤੁਸੀਂ ਹੋਰ ਮਸਲਿਆਂ ਬਾਰੇ ਵੀ ਰਿਪੋਰਟ ਕਰੋ ਤਾਂ ਤੁਹਾਡੇ ਲਈ ਅਜਿਹਾ ਕਰਨਾ ਜ਼ਰੂਰੀ ਹੈ। ਇਹ ਨੋਟਿਸ ਉਨ੍ਹਾਂ ਆਰਡਰਾਂ ਤੋਂ ਇਲਾਵਾ ਹੈ।

*ਰਿਪੋਰਟ ਕਰਨ ਦੀਆਂ ਜਾਰੀ ਰਹਿਣ ਵਾਲੀਆਂ ਜ਼ਿੰਮੇਵਾਰੀਆਂ*

ਰਜਿਸਟਰੇਸ਼ਨ ਸੈਂਟਰ ਨੂੰ ਪਹਿਲੀ ਵਾਰ ਰਿਪੋਰਟ ਕਰਨ ਤੋਂ ਬਾਅਦ ਤੁਹਾਨੂੰ ਨਿਸ਼ਚਤ ਸਮਿਆਂ ਤੇ ਰਿਪੋਰਟ ਕਰਨਾ ਜਾਰੀ ਰੱਖਣਾ ਪਵੇਗਾ।

- ਤੁਹਾਨੂੰ ਆਪਣੇ ਨੋਟਿਸ ਦੇ ਹੇਠਾਂ ਲਿਖੀ ਗਈ ਤਰੀਕ ਤੱਕ ਲਈ ਪਿਛਲੀ ਵਾਰੀ ਰਿਪੋਰਟ ਕਰਨ ਤੋਂ ਬਾਅਦ ਹਰ ਸਾਲ 11ਵੇਂ ਜਾਂ 12ਵੇਂ ਮਹੀਨੇ ਵਿਚ **ਨਿੱਜੀ ਤੌਰ ਤੇ** ਰਿਪੋਰਟ ਜ਼ਰੂਰ ਕਰਨੀ ਪਵੇਗੀ।

- ਜੇ ਤੁਸੀਂ ਰਿਪੋਰਟ ਕਰਨ ਦੇ ਸਮੇਂ ਦੌਰਾਨ ਹਿਰਾਸਤ ਵਿਚ ਹੋ ਤਾਂ ਤੁਹਾਨੂੰ ਇਸ ਸਫੇ ਦੇ ਹੇਠਾਂ ਦਰਜ ਨੰਬਰ ਤੇ ਬ੍ਰਿਟਿਸ਼ ਕੋਲੰਬੀਆ ਸੈਕਸ ਓਫੈਂਡਰ ਰਜਿਸਟਰੇਸ਼ਨ ਸੈਂਟਰ ਨੂੰ ਫੋਨ ਕਰਕੇ ਜ਼ਰੂਰ ਦੱਸਣਾ ਪਵੇਗਾ।

- ਆਪਣੀ ਮੁੱਖ ਰਿਹਾਇਸ਼ ਜਾਂ ਕੋਈ ਵੀ ਦੂਜੀ ਰਿਹਾਇਸ਼ (ਆਪਣੀ ਮੁੱਖ ਰਿਹਾਇਸ਼ ਤੋਂ ਬਿਨਾਂ ਕੋਈ ਹੋਰ ਥਾਂ ਜਿੱਥੇ ਤੁਸੀਂ ਨੇਮ ਨਾਲ ਰਹਿੰਦੇ ਹੋ) ਬਦਲਣ ਤੋਂ ਬਾਅਦ ਤੁਹਾਨੂੰ **15 ਦਿਨਾਂ ਦੇ ਵਿਚ ਵਿਚ ਨਿੱਜੀ ਰੂਪ** ਵਿਚ ਜ਼ਰੂਰ ਰਿਪੋਰਟ ਕਰਨੀ ਪਵੇਗੀ। ਤੁਹਾਨੂੰ ਉਸ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨੀ ਚਾਹੀਦੀ ਹੈ, ਜਿਹੜਾ ਉਸ ਇਲਾਕੇ ਲਈ ਹੈ ਜਿੱਥੇ ਤੁਸੀਂ ਮੂਵ ਹੋਏ ਹੋ।

- ਜੇ ਤੁਸੀਂ ਆਪਣਾ ਨਾਂ ਜਾਂ ਗੋਤ ਬਦਲਦੇ ਹੋ ਤਾਂ ਤੁਹਾਨੂੰ ਆਪਣਾ ਨਾਂ ਬਦਲਣ ਤੋਂ ਬਾਅਦ **15 ਦਿਨਾਂ ਦੇ ਵਿਚ ਵਿਚ** ਰਜਿਸਟਰੇਸ਼ਨ ਸੈਂਟਰ ਨੂੰ **ਨਿੱਜੀ ਰੂਪ** ਵਿਚ ਰਿਪੋਰਟ ਜ਼ਰੂਰ ਕਰਨੀ ਪਵੇਗੀ।

- ਆਪਣੀ ਰਿਹਾਇਸ਼ ਜਾਂ ਆਪਣਾ ਕੋਈ ਨਾਂ ਬਦਲਣ ਵੇਲੇ, ਜਾਂ ਸਲਾਨਾ ਰਿਪੋਰਟ ਕਰਨ ਵੇਲੇ ਜੇ ਤੁਸੀਂ ਕੈਨੇਡਾ ਤੋਂ ਬਾਹਰ ਹੋ ਤਾਂ ਤੁਹਾਨੂੰ ਕੈਨੇਡਾ ਨੂੰ ਵਾਪਸ ਆਉਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਜ਼ਰੂਰ ਕਰਨੀ ਪਵੇਗੀ।

- ਜੇ ਤੁਸੀਂ ਲਗਾਤਾਰ 15 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਆਪਣੀ ਮੁੱਖ ਜਾਂ ਦੂਜੀ ਰਿਹਾਇਸ਼ ਤੋਂ ਦੂਰ ਜਾਣਾ ਹੈ ਤਾਂ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ **ਰਜਿਸਟਰਿਡ ਡਾਕ** ਰਾਹੀਂ **ਜਾਂ 1-866-648-5933 ਤੇ (ਕੈਨੇਡਾ ਵਿਚੋਂ ਮੁਫਤ) ਜਾਂ ਕੈਨੇਡਾ ਤੋਂ ਬਾਹਰੋਂ 604-543-4700 ਤੇ** ਫੋਨ ਕਰਕੇ ਜ਼ਰੂਰ ਦੱਸਣਾ ਪਵੇਗਾ। ਤੁਸੀਂ ਸੂਚਨਾ ਦੇਣ ਵਾਲਾ ਫਾਰਮ ਰਜਿਸਟਰੇਸ਼ਨ ਸੈਂਟਰ ਤੋਂ ਲੈ ਸਕਦੇ ਹੋ, ਜਾਂ ਜੇ ਤੁਹਾਨੂੰ ਇੰਟਰਨੈੱਟ ਵਰਤਣ ਦੀ ਆਗਿਆ ਹੈ ਤਾਂ www.pssg.gov.bc.ca ਵੈੱਬਸਾਈਟ ਤੋਂ ਲੈ ਸਕਦੇ ਹੋ। ਤੁਸੀਂ ਆਪਣਾ ਭਰਿਆ ਹੋਇਆ ਫਾਰਮ ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਨਿੱਜੀ ਰੂਪ ਵਿਚ ਵੀ ਲਿਜਾ ਸਕਦੇ ਹੋ। ਤੁਹਾਨੂੰ ਇਹ ਜਾਣਕਾਰੀ ਜ਼ਰੂਰ ਦੇਣੀ ਪਵੇਗੀ:

  - ਜੇ ਤੁਸੀਂ **ਕੈਨੇਡਾ ਵਿਚ** ਸਫਰ ਕਰਨਾ ਹੈ ਤਾਂ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਉਹ ਹਰ ਐਡਰੈਸ ਜਾਂ ਥਾਂ ਦੱਸਣੇ ਪੈਣਗੇ ਜਿੱਥੇ ਤੁਸੀਂ ਰਹੋਗੇ। ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਉਹ ਤਰੀਕ ਜਾਂ ਅੰਦਾਜ਼ਨ ਤਰੀਕ ਦੱਸਣੀ ਪਵੇਗੀ ਜਦੋਂ ਤੁਸੀਂ ਉੱਥੋਂ ਜਾਵੋਗੇ ਅਤੇ ਘਰ ਵਾਪਸ ਆਵੋਗੇ। (ਘਰ ਛੱਡਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ)।

  - ਜੇ ਤੁਸੀਂ **ਕੈਨੇਡਾ ਤੋਂ ਬਾਹਰ** ਸਫਰ ਕਰਨਾ ਹੈ ਤਾਂ ਤੁਹਾਨੂੰ ਆਪਣਾ ਘਰ ਛੱਡਣ ਦੀ ਤਰੀਕ ਜਾਂ ਅੰਦਾਜ਼ਨ ਤਰੀਕ ਦੱਸਣੀ ਪਵੇਗੀ (ਘਰ ਛੱਡਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ)।

ਭਾਵੇਂ ਤੁਸੀਂ ਕੈਨੇਡਾ ਦੇ ਅੰਦਰ ਸਫਰ ਕਰ ਰਹੇ ਹੋ ਜਾਂ ਬਾਹਰ ਜਾ ਰਹੇ ਹੋ, ਤੁਹਾਨੂੰ ਘਰ ਆਉਣ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਆਪਣੀ ਵਾਪਸੀ ਦੀ ਅਸਲੀ ਤਰੀਕ ਬਾਰੇ ਆਪਣੇ ਰਜਿਸਟਰੇਸ਼ਨ ਸੈਂਟਰ ਨੂੰ ਦੱਸਣਾ ਪਵੇਗਾ।

- ਜੇ ਤੁਸੀਂ ਕਿਸੇ ਵੀ ਕਾਰਨ ਕਰਕੇ 15 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਜੇਲ੍ਹ ਵਿਚ ਹੋ ਤਾਂ ਤੁਹਾਨੂੰ 15 ਦਿਨਾਂ ਦੇ ਵਿਚ ਵਿਚ ਟੋਲ-ਫਰੀ (ਮੁਫਤ) ਲਾਈਨ ਫੋਨ ਕਰਕੇ ਇਹ ਦੱਸਣਾ ਪਵੇਗਾ ਕਿ ਤੁਸੀਂ ਕੌਣ ਹੋ, ਤੁਸੀਂ ਕਿੱਥੇ ਹੋ ਅਤੇ ਤੁਸੀਂ ਉੱਥੇ ਕਿੰਨਾ ਸਮਾਂ ਰਹੋਗੇ।

- ਆਪਣੀ ਰਿਹਾਈ ਹੋਣ ਤੇ ਤੁਹਾਨੂੰ ਆਪਣੀ ਰਿਹਾਈ ਤੋਂ ਬਾਅਦ 15 ਦਿਨਾਂ ਦੇ ਵਿਚ ਵਿਚ ਉਸ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਜ਼ਰੂਰ ਕਨੀ ਪਵੇਗੀ ਜਿਹੜਾ ਤੁਹਾਡੀ ਮੁੱਖ ਰਿਹਾਇਸ਼ ਵਾਲੇ ਇਲਾਕੇ ਲਈ ਹੈ।

## ਰਜਿਸਟਰੇਸ਼ਨ ਸੈਂਟਰ ਨੂੰ ਕਿਹੜੀ ਜਾਣਕਾਰੀ ਤੁਸੀਂ ਜ਼ਰੂਰੀ ਦੇਣੀ ਹੈ

ਜਦੋਂ ਤੁਸੀਂ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਦੇ ਹੋ ਤਾਂ ਤੁਹਾਨੂੰ ਸਟਾਫ ਨੂੰ ਕੋਈ ਸਹੀ ਪਛਾਣ ਦਿਖਾਉਣੀ ਪਵੇਗੀ ਜਿਨ੍ਹਾਂ ਵਿਚੋਂ ਘੱਟੋ ਘੱਟ ਇਕ ਤੇ ਤੁਹਾਡੀ ਫੋਟੋ ਹੋਣੀ ਜ਼ਰੂਰੀ ਹੈ, ਜਿਵੇਂ ਕਿ ਡਰਾਈਵਰ ਲਾਇਸੰਸ ਜਾਂ ਪਾਸਪੋਰਟ। ਸਟੂਡੈਂਟ ਕਾਰਡ ਸਵੀਕਾਰ ਨਹੀਂ ਕੀਤਾ ਜਾਂਦਾ।

ਤੁਹਾਨੂੰ ਰਜਿਸਟਰੇਸ਼ਨ ਸੈਂਟਰ ਦੇ ਸਟਾਫ ਨੂੰ ਅੱਗੇ ਲਿਖੀ ਨਿੱਜੀ ਜਾਣਕਾਰੀ ਜ਼ਰੂਰ ਦੇਣੀ ਪਵੇਗੀ:

- ਤੁਹਾਡੇ ਨਾਂ, ਗੋਤ ਅਤੇ ਹੋਰ ਸਾਰੇ ਛੋਟੇ ਨਾਂ
- ਤੁਹਾਡੀ ਜਨਮ ਤਰੀਕ ਅਤੇ ਲਿੰਗ
- ਤੁਹਾਡਾ ਕੱਦ ਅਤੇ ਭਾਰ ਅਤੇ ਸਾਰੇ ਪਛਾਣਯੋਗ ਸਰੀਰਕ ਨਿਸ਼ਾਨਾਂ ਦਾਗਾਂ, ਚੀਰਿਆਂ ਜਾਂ ਖੁਣਾਈਆਂ ਦਾ ਵੇਰਵਾ
- ਉਸ ਥਾਂ ਦਾ ਐਡਰੈਸ ਅਤੇ ਟੈਲੀਫੋਨ ਨੰਬਰ ਜਿੱਥੇ ਤੁਸੀਂ ਬਹੁਤਾ ਸਮਾਂ ਰਹਿੰਦੇ ਹੋ (ਤੁਹਾਡੀ ਮੁੱਖ ਰਿਹਾਇਸ਼), ਅਤੇ ਇਸ ਦੇ ਨਾਲ ਹੀ ਕਿਸੇ ਹੋਰ ਅਜਿਹੀ ਥਾਂ ਦਾ ਐਡਰੈਸ ਅਤੇ ਟੈਲੀਫੋਨ ਨੰਬਰ ਵੀ, ਜਿੱਥੇ ਤੁਸੀਂ ਰਹਿੰਦੇ ਹੋ (ਦੂਜੀ ਰਿਹਾਇਸ਼)
- ਉਨ੍ਹਾਂ ਸਾਰੀਆਂ ਥਾਂਵਾਂ ਦੇ ਐਡਰੈਸ ਅਤੇ ਫੋਨ ਨੰਬਰ ਜਿੱਥੇ ਤੁਸੀਂ ਕੰਮ ਕਰਦੇ ਹੋ ਜਾਂ ਵਾਲੰਟੀਅਰ ਕੰਮ ਕਰਦੇ ਹੋ
- ਹਰ ਉਸ ਵਿਦਿਅਕ ਸੰਸਥਾ ਦਾ ਐਡਰੈਸ ਜਿੱਥੇ ਤੁਸੀਂ ਪੜ੍ਹਦੇ ਹੋ (ਦਾਖਲ ਹੋਏ ਹੋ)
- ਆਪਣਾ ਹਰ ਸੈੱਲ ਜਾਂ ਪੇਜਰ ਨੰਬਰ
- ਤੁਹਾਨੂੰ ਉਸ ਜੁਰਮ ਲਈ ਕਦੋਂ ਅਤੇ ਕਿੱਥੇ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਦੀ ਰਜਿਸਟਰੀ ਨੂੰ ਰਿਪੋਰਟ ਕਰਨ ਦੀ ਹੁਣ ਤੁਹਾਡੀ ਜ਼ਿੰਮੇਵਾਰੀ ਹੈ

ਰਜਿਸਟਰੇਸ਼ਨ ਸੈਂਟਰ ਦਾ ਕੋਲੈਕਟਰ (ਜਾਣਕਾਰੀ ਲੈਣ ਵਾਲਾ ਕਰਮਚਾਰੀ) ਤੁਹਾਡੀ ਫੋਟੋ ਲਵੇਗਾ। ਜੇ ਰਜਿਸਟਰੇਸ਼ਨ ਸੈਂਟਰ ਵਿਚਲੇ ਕੋਲੈਕਟਰ ਨੂੰ ਤੁਹਾਡੀ ਪਛਾਣ ਲਈ ਹੋਰ ਸਬੂਤ ਚਾਹੀਦੇ ਹੋਣ ਤਾਂ ਤੁਹਾਡੀਆਂ ਉਂਗਲੀਆਂ ਦੇ ਨਿਸ਼ਾਨ ਲਏ ਜਾਣਗੇ।

ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਤਾਂ ਤੁਹਾਨੂੰ ਰਜਿਸਟਰੇਸ਼ਨ ਸੈਂਟਰ ਨੂੰ ਰਿਪੋਰਟ ਕਰਨ ਵੇਲੇ ਅਤੇ ਸਟਾਫ ਵਲੋਂ ਪੁੱਛੀ ਜਾਂਦੀ ਜਾਣਕਾਰੀ ਦੇਣ ਵੇਲੇ ਆਪਣੇ ਨਾਲ ਕਿਸੇ ਬਾਲਗ ਨੂੰ ਰੱਖਣ ਦਾ ਹੱਕ ਹੈ।

## ਰਜਿਸਟਰੇਸ਼ਨ ਸੈਂਟਰ ਕਿਵੇਂ ਲੱਭਣਾ ਹੈ

ਰਜਿਸਟਰੇਸ਼ਨ ਸੈਂਟਰ ਆਰ ਸੀ ਐੱਮ ਪੀ ਦੇ ਸਟੇਸ਼ਨਾਂ ਅਤੇ ਬੀ ਸੀ ਵਿਚਲੇ ਬਹੁਤੇ ਪੁਲੀਸ ਵਿਭਾਗਾਂ ਵਿਚ ਹਨ। ਤੁਸੀਂ ਫੋਨ ਬੁੱਕ ਤੋਂ ਆਪਣੀ ਲੋਕਲ ਆਰ ਸੀ ਐੱਮ ਪੀ ਜਾਂ ਪੁਲੀਸ ਸਟੇਸ਼ਨ ਦਾ ਨੰਬਰ ਲੱਭ ਸਕਦੇ ਹੋ। ਜੇ ਤੁਸੀਂ ਗਰੇਟਰ ਵੈਨਕੂਵਰ ਦੇ ਇਲਾਕੇ ਵਿਚ ਹੋ ਤਾਂ ਤੁਸੀਂ 604-543-4700 ਤੇ ਜਾਂ ਗਰੇਟਰ ਵੈਨਕੂਵਰ ਤੋਂ ਬਾਹਰੋਂ 1-866-648-5933 ਤੇ ਵੀ ਫੋਨ ਕਰ ਸਕਦੇ ਹੋ। ਜੇ ਤੁਹਾਨੂੰ ਇੰਟਰਨੈੱਟ ਵਰਤਣ ਦੀ ਆਗਿਆ ਹੈ ਤਾਂ ਇਹ ਪਤਾ ਲਾਉਣ ਲਈ www.pssg.gov.bc.ca ਤੇ ਵੈੱਬਸਾਈਟ ਦੇਖੋ ਕਿ ਤੁਹਾਡੀ ਮੁੱਖ ਰਿਹਾਇਸ਼ (ਜਿੱਥੇ ਤੁਸੀਂ ਬਹੁਤਾ ਸਮਾਂ ਰਹਿੰਦੇ ਹੋ) ਵਾਲੇ ਇਲਾਕੇ ਲਈ ਕਿਹੜਾ ਰਜਿਸਟਰੇਸ਼ਨ ਸੈਂਟਰ ਹੈ।

## ਜੁਰਮਾਨੇ

ਜੇ ਤੁਸੀਂ ਮੰਗ ਮੁਤਾਬਕ ਰਿਪੋਰਟ ਨਹੀਂ ਕਰਦੇ ਤਾਂ ਤੁਹਾਨੂੰ ਜੁਰਮ ਦੇ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਜੇ ਤੁਸੀਂ ਜਾਣਬੁੱਝ ਕੇ ਰਜਿਸਟਰੇਸ਼ਨ ਸੈਂਟਰ ਨੂੰ ਗਲਤ ਜਾਂ ਗੁਮਰਾਹ ਕਰਨ ਵਾਲੀ ਜਾਣਕਾਰੀ ਦਿੰਦੇ ਹੋ ਤਾਂ ਤੁਹਾਨੂੰ ਜੁਰਮ ਦੇ ਦੋਸ਼ੀ ਠਹਿਰਾਇਆ ਜਾ ਸਕਦਾ ਹੈ ਅਤੇ ਤੁਹਾਨੂੰ 10,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ ਜਾਂ 2 ਸਾਲਾਂ ਤੱਕ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

## ਨੋਟਿਸ ਮਿਲਣ ਤੇ ਤੁਹਾਡੇ ਹੱਕ

*ਸੈਕਸ ਓਫੈਂਡਰ ਇਨਫਰਮੇਸ਼ਨ ਰਜਿਸਟਰੇਸ਼ਨ ਐਕਟ* ਅਧੀਨ ਤੁਹਾਡੇ ਕੁਝ ਇਖਤਿਆਰ ਅਤੇ ਹੱਕ ਵੀ ਹਨ। ਉਹ ਤੁਹਾਡੇ ਨੋਟਿਸ ਦੇ ਪੈਰ੍ਹਾ 5, 6 ਅਤੇ 7 ਵਿਚ ਦਰਜ ਹਨ।

- ਤੁਸੀਂ ਨੋਟਿਸ ਤੋਂ ਛੋਟ ਦੀ ਬੇਨਤੀ ਕਰ ਸਕਦੇ ਹੋ
- ਜੇ ਛੋਟ ਲਈ ਤੁਹਾਡੀ ਬੇਨਤੀ ਰੱਦ ਕਰ ਦਿੱਤੀ ਗਈ ਹੈ ਤਾਂ ਤੁਸੀਂ ਉਸ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।
- ਤੁਸੀਂ ਨੋਟਿਸ ਨੂੰ ਖਤਮ ਕਰਨ ਲਈ ਅਪਲਾਈ ਕਰ ਸਕਦੇ ਹੋ।
- ਜੇ ਨੋਟਿਸ ਨੂੰ ਖਤਮ ਕਰਨ ਲਈ ਤੁਹਾਡੀ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਨੋਟਿਸ ਨੂੰ ਖਤਮ ਨਾ ਕਰਨ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।
- ਤੁਹਾਡੇ ਬਾਰੇ ਜਿਹੜੀ ਜਾਣਕਾਰੀ ਰਜਿਸਟਰੀ ਕੋਲ ਹੈ, ਤੁਹਾਨੂੰ ਉਸ ਦੀ ਇਕ ਕਾਪੀ ਦਿੱਤੀ ਜਾਵੇਗੀ ਅਤੇ ਤੁਸੀਂ ਕਿਸੇ ਵੇਲੇ ਵੀ ਇਸ ਜਾਣਕਾਰੀ ਦੀ ਕਾਪੀ ਮੰਗ ਸਕਦੇ ਹੋ।
- ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਜਾਣਕਾਰੀ ਗਲਤ ਹੈ ਤਾਂ ਆਪਣੇ ਰਜਿਸਟਰੇਸ਼ਨ ਸੈਂਟਰ ਵਿਚਲੇ ਲੋਕਾਂ ਨਾਲ ਗੱਲ ਕਰੋ।
- ਜਿਹੜੀ ਜਾਣਕਾਰੀ ਤੁਸੀਂ ਰਜਿਸਟਰੇਸ਼ਨ ਸੈਂਟਰ ਦੇ ਸਟਾਫ ਨੂੰ ਦਿੰਦੇ ਹੋ, ਉਹ ਸਿਰਫ ਸੈਕਸ ਐਕਟ ਵਿਚ ਦਰਜ ਸੇਧਾਂ ਮੁਤਾਬਕ ਹੀ ਦੇਖੀ, ਵਰਤੀ ਜਾਂ ਦਿੱਤੀ ਜਾ ਸਕਦੀ ਹੈ।

ਜੇ ਤੁਹਾਡੇ ਮਨ ਵਿਚ ਹੋਰ ਸਵਾਲ ਹੋਣ ਜਾਂ ਤੁਹਾਨੂੰ ਕੋਈ ਸਪਸ਼ਟੀਕਰਨ ਚਾਹੀਦਾ ਹੋਵੇ ਤਾਂ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਸਮਝਣ ਲਈ ਤੁਹਾਨੂੰ ਮਦਦ ਮੰਗਣੀ ਚਾਹੀਦੀ ਹੈ।